## ਜਮਾਤ : ਛੇਵੀਂ

# ਸ੍ਰੀ ਗੁਰੂ ਨਾਨਕ ਦੇਵ ਜੀ



ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਸਨ। ਆਪ ਦੇ ਜਨਮ ਸਮੇਂ ਲੋਕ ਵਹਿਮਾਂ-ਭਰਮਾਂ, ਅੰਧ ਵਿਸ਼ਵਾਸ਼ਾਂ ਅਤੇ ਕਰਮ-ਕਾਂਡਾਂ ਵਿਚ ਫਸੇ ਹੋਏ ਸਨ। ਆਪ ਦਾ ਜਨਮ 1469 ਈ: ਨੂੰ ਪਿੰਡ ਰਾਏ ਭੋਇੰ ਦੀ ਤਲਵੰਡੀ ਜ਼ਿਲ੍ਹਾ ਨਨਕਾਣਾ ਸਾਹਿਬ (ਹੁਣ ਪਾਕਿਸਤਾਨ) ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਤੇ ਮਾਤਾ ਦਾ ਨਾਂ ਤ੍ਰਿਪਤਾ ਦੇਵੀ ਸੀ। ਆਪ ਜੀ ਦੇ ਵੱਡੇ ਭੈਣ ਜੀ ਦਾ ਨਾਂ ਬੇਬੇ ਨਾਨਕੀ ਸੀ। ਆਪ ਜੀ ਦੇ ਪਿਤਾ ਨੇ ਇਕ ਵਾਰ ਆਪ ਨੂੰ 20 ਰੁਪਏ ਦੇ ਕੇ ਵਪਾਰ ਕਰਨ ਲਈ ਭੇਜਿਆ। ਰਾਸਤੇ ਵਿਚ ਆਪ ਨੂੰ ਭੁੱਖੇ ਸਾਧੂ ਮਿਲ ਗਏ। ਆਪ ਉਹਨਾਂ ਨੂੰ ਭੋਜਨ ਛਕਾ ਕੇ ਖਾਲੀ ਹੱਥ ਘਰ ਮੁੜ ਗਏ। ਆਪ ਦੇ ਪਿਤਾ ਇਸ ਸੌਦੇ ਤੋਂ ਬਹੁਤ ਨਾਰਾਜ਼ ਹੋਏ। ਆਪ ਦੇ ਪਿਤਾ ਨੇ ਨੌਕਰੀ ਕਰਨ ਲਈ ਆਪ ਨੂੰ ਸੁਲਤਾਨਪੁਰ ਲੋਧੀ ਬੇਬੇ ਨਾਨਕੀ ਕੋਲ ਭੇਜ ਦਿੱਤਾ। ਦੁਨਿਆਵੀ ਕੰਮਾਂ ਵਿਚ ਮਨ ਨਾ ਲਗਦਾ ਦੇਖ ਆਪ ਦਾ ਵਿਆਹ ਬੀਬੀ ਸੁਲੱਖਣੀ ਨਾਲ਼ ਕਰ ਦਿੱਤਾ ਗਿਆ। ਆਪ ਦੇ ਘਰ ਦੋ ਪੁੱਤਰਾਂ ਸ਼੍ਰੀ ਚੰਦ ਅਤੇ ਲਖਮੀ ਚੰਦ ਨੇ ਜਨਮ ਲਿਆ। ਗ੍ਰਹਿਸਥ ਜੀਵਨ ਵਿਚ ਆਪ ਦਾ ਮਨ ਜਿਆਦਾ ਸਮਾਂ ਨਾ ਲੱਗਾ। ਆਪ ਨੇ ਭਾਈ ਮਰਦਾਨੇ ਨਾਲ਼ ਚਾਰੋ ਦਿਸ਼ਾਵਾਂ ਵਿਚ ਉਦਾਸੀ ਕੀਤੀ। ਆਪ ਨੇ ਦੇਸ਼- ਵਿਦੇਸ਼ ਵਿਚ ਘੁੰਮ ਕੇ ਲੋਕਾਂ ਨੂੰ ਵਹਿਮਾਂ-ਭਰਮਾਂ ਚੋਂ ਬਾਹਰ ਕੱਢਿਆ। ਆਪ ਨੇ ਸਿੱਖਿਆ ਦਿੱਤੀ ਕਿ ਪਰਮਾਤਮਾ ਇੱਕ ਹੈ ਤੇ ਅਸੀਂ ਸਭ ਉਸ ਦੀ ਔਲਾਦ ਹਾਂ। ਸਾਰੇ ਇੱਕ ਸਮਾਨ ਹਨ। ਆਪ ਦਾ ਅੰਤਿਮ ਸਮਾਂ ਕਰਤਾਰਪੁਰ ਵਿਖੇ ਖੇਤੀ ਕਰਦਿਆਂ ਪਰਵਾਰਿਕ ਜੀਵਨ ਜਿਉਂਦਿਆਂ ਬਤੀਤ ਹੋਇਆ। ਅੰਤ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪ ਕੇ 70 ਸਾਲ ਦੀ ਉਮਰ ਵਿਚ 1539 ਈਸਵੀ ਨੂੰ ਆਪ ਜੋਤੀ ਜੋਤਿ ਸਮਾ ਗਏ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ (ਡੀ.ਐੱਮ. ਪੰਜਾਬੀ, ਫ਼ਰੀਦਕੋਟ)**
**9855800683, roopra.gurpreet@gmail.com**

ਤਿਆਰ ਕਰਤਾ
ਗੁਰਪ੍ਰੀਤ ਸਿੰਘ ਰੂਪਰਾ (ਡੀ.ਐੱਮ. ਪੰਜਾਬੀ, ਫ਼ਰੀਦਕੋਟ)
9855800683, roopra.gurpreet@gmail.com